NUFFIELD DEPARTMENT OF PRIMARY CARE HEALTH SCIENCES — Primary Care Clinical Trials Unit

PRINCIPLE — Platform Randomised trial of INterventions against COVID-19 In older peoPLE

# ਬਜ਼ੁਰਗਾਂ ਵਿਚ ਕੋਵਿਡ-19 ਦੇ ਵਿਰੁੱਧ ਦੀਆਂ ਦਖਲਅੰਦਾਜ਼ੀਆਂ (ਇਲਾਜਾਂ) ਦਾ ਇਕ ਪਲੈਟਫਾਰਮ ਦੁਆਰਾ ਬੇਤਰਤੀਬਾ ਬਣਾਇਆ ਟਰਾਇਲ: ਪ੍ਰਿੰਸੀਪਲ ਟਰਾਇਲ

## ਪ੍ਰਤੀਭਾਗੀ ਲਈ ਜਾਣਕਾਰੀ ਪਰਚਾ

ਪ੍ਰਿੰਸੀਪਲ ਟਰਾਇਲ ਕੋਵਿਡ-19 ਦੇ ਲਈ ਨਵੇਂ ਇਲਾਜਾਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ ਜਿਨ੍ਹਾਂ ਨੂੰ ਭਾਈਚਾਰੇ ਵਿਚ ਵਰਤਿਆ ਜਾ ਸਕਦਾ ਹੈ। ਅਸੀਂ ਉਨ੍ਹਾਂ ਇਲਾਜਾਂ ਨੂੰ ਲੱਭਣ ਦੀ ਆਸ ਕਰਕੇ ਹਾਂ ਜੋ ਲੋਕਾਂ ਨੂੰ ਹਸਪਤਾਲ ਵਿਚ ਦਾਖਲ ਹੋਣ ਦੀ ਜ਼ਰੂਰਤ ਤੋਂ ਬਿਨ੍ਹਾਂ ਤੇਜ਼ੀ ਨਾਲ ਠੀਕ ਹੋਣ ਵਿਚ ਮਦਦ ਕਰਦੇ ਹਨ। ਅਸੀਂ ਤੁਹਾਨੂੰ ਇਸ ਟਰਾਇਲ ਵਿਚ ਭਾਗ ਲੈਣ ਲਈ ਸੱਦਾ ਦੇ ਰਹੇ ਹਾਂ ਕਿਉਂਕਿ ਅਸੀਂ ਸਮਝਦੇ ਹਾਂ ਕਿ ਮੌਜੂਦਾ ਸਮੇਂ ਤੁਸੀਂ ਕੋਵਿਡ-19 ਦੇ ਲੱਛਣਾਂ ਦਾ ਤਜ਼ਰਬਾ ਕਰ ਰਹੇ ਹੋ।

ਇਹ ਪਰਚਾ ਟਰਾਇਲ ਦੇ ਬਾਰੇ ਜਾਣਕਾਰੀ ਦਿੰਦਾ ਹੈ, ਜਿਸ ਵਿਚ ਇਸਦੇ ਉਦੇਸ਼ ਸ਼ਾਮਲ ਹਨ ਅਤੇ ਤੁਹਾਨੂੰ ਭਾਗ ਲੈਣ ਦੇ ਜ਼ੋਖਮਾਂ ਅਤੇ ਲਾਭਾਂ ਬਾਰੇ ਦੱਸਦਾ ਹੈ।

## *ਇਸ ਅਧਿਐਨ ਦਾ ਮਕਸਦ ਕੀ ਹੈ?*

### ਕੋਵਿਡ-19

65 ਸਾਲ ਅਤੇ ਵੱਧ ਉਮਰ ਦੇ ਲੋਕਾਂ ਵਿਚ; 18 ਤੋਂ 64 ਸਾਲ ਦੀ ਉਮਰ ਦੇ ਖਾਸ ਸਿਹਤ ਸਮੱਸਿਆਵਾਂ ਵਾਲੇ ਲੋਕਾਂ ਵਿਚ; ਅਤੇ ਕੋਵਿਡ-19 ਦੀ ਬਿਮਾਰੀ ਦੇ ਹਿੱਸੇ ਵੱਜੋਂ ਸਾਹ ਚੜ੍ਹਨ ਦਾ ਤਜ਼ਰਬਾ ਕਰਨ ਵਾਲੇ 18 ਤੋਂ 64 ਸਾਲ ਦੀ ਉਮਰ ਦੇ ਲੋਕਾਂ ਵਿਚ ਕੋਵਿਡ-19 ਤੋਂ ਪੈਦਾ ਹੋਣ ਵਾਲੀਆਂ ਗੁੰਝਲਾਂ ਦਾ ਜ਼ੋਖਮ ਵੱਧ ਜਾਂਦਾ ਹੈ। ਇਨ੍ਹਾਂ ਲੋਕਾਂ ਦੇ ਵਿਚ ਕੋਵਿਡ-19 ਦੇ ਕਾਰਨ ਕੁਝ ਮੌਕਿਆਂ ਤੇ ਵੱਡੀਆਂ ਚਿਕਿਤਸਕ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਹਸਪਤਾਲ ਵਿਚ ਦਾਖਲ ਹੋਣਾ ਪੈ ਸਕਦਾ ਹੈ, ਅਤੇ ਮੌਤ ਹੋ ਸਕਦੀ ਹੈ।

ਕੋਵਿਡ-19 ਵਾਲੇ ਬਹੁਤ ਸਾਰੇ ਲੋਕਾਂ ਦਾ ਕਮਿਊਨਿਟੀ ਵਿੱਚ ਇਲਾਜ ਕੀਤਾ ਜਾਂਦਾ ਹੈ। ਸਾਨੂੰ ਤੁਰੰਤ ਅਜਿਹੇ ਇਲਾਜ ਲੱਭਣ ਦੀ ਜ਼ਰੂਰਤ ਹੈ ਜੋ ਕਮਿਊਨਿਟੀ ਵਿੱਚ ਵਰਤੋਂ ਲਈ ਢੁੱਕਵੇਂ ਹਨ।

### ਟਰਾਇਲ

ਇਸ ਕਲੀਨਿਕਲ ਟਰਾਇਲ ਦਾ ਮਕਸਦ ਉਨ੍ਹਾਂ ਇਲਾਜਾਂ ਦਾ ਪਤਾ ਲਗਾਉਣਾ ਹੈ ਜੋ ਘਰ ਵਿਚ ਅਤੇ ਭਾਈਚਾਰੇ ਵਿਚ ਕੋਵਿਡ-19 ਨਾਲ ਗ੍ਰਸਤ ਲੋਕਾਂ ਨੂੰ ਤੇਜ਼ੀ ਨਾਲ ਠੀਕ ਹੋਣ ਵਿਚ ਮਦਦ ਕਰਦੇ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਵਿਚ ਠੀਕ ਕਰਨ ਦੀ ਜ਼ਰੂਰਤ ਨਹੀਂ ਪੈਂਦੀ ਹੈ। ਇਹ ਕਰਨ ਦੇ ਸਮਰੱਥ ਹੋਣ ਲਈ ਅਸੀਂ ਕੋਵਿਡ-19 ਦੇ ਇਕ ਜਾਂ ਜ਼ਿਆਦਾ ਢੁੱਕਵੇਂ, ਸੰਭਾਵੀ ਇਲਾਜਾਂ ਦੀ, ਉਨ੍ਹਾਂ ਦੇ ਉਪਲਬੱਧ ਹੋਣ ਤੋਂ ਜਿੰਨੀ ਜਲਦੀ ਸੰਭਵ ਹੋ ਸਕੇ ਜਾਂਚ ਕਰਨੀ ਚਾਹੁੰਦੇ ਹਾਂ।

ਅਸੀਂ ਉਨ੍ਹਾਂ ਇਲਾਜਾਂ ਦੀ ਜਾਂਚ ਕਰ ਰਹੇ ਹਾਂ ਜੋ ਕੀ ਕਾਫ਼ੀ ਜਾਣੇ ਪਛਾਣੇ ਹਨ ਅਤੇ ਪੂਰੀ ਦੁਨੀਆਂ ਵਿਚ ਕਈਂ ਸਾਲਾਂ ਲਈ ਵਰਤੇ ਗਏ ਹਨ ਅਤੇ ਜਿਨ੍ਹਾਂ ਨੂੰ ਯੂ ਕੇ (UK) ਵਿਚ ਵਰਤੋਂ ਲਈ ਲਾਈਸੈਂਸ ਮਿਲਿਆ ਹੋਇਆ ਹੈ।

ਪ੍ਰਿੰਸੀਪਲ ਟਰਾਇਲ ਵਿਚ ਸ਼ਾਮਲ ਕੀਤੇ ਗਏ ਸਾਰੇ ਇਲਾਜ ਯੂ ਕੇ ਮੈਡੀਸਨਜ਼ ਐਂਡ ਹੈਲਥ ਕੇਅਰ ਪ੍ਰੋਡਕਟਸ ਰੈਗੂਲੇਟਰੀ ਏਜੰਸੀ (ਐਮ ਐਚ ਆਰ ਏ) (UK- Medicines and Health Care Products Regulatory Agency (MHRA)) ਅਤੇ ਆਜ਼ਾਦਾਨਾ ਮਾਹਰਾਂ ਦੇ ਅਰਜੈਂਟ ਪਬਲਿਕ ਹੈਲਥ (Urgent Public Health) ਪੈਨਲ ਦੁਆਰਾ ਸਵੀਕ੍ਰਿਤੀ ਦਿੱਤੇ ਗਏ ਹਨ। ਐਮ ਐਚ ਆਰ ਏ (MHRA), ਯੂ ਕੇ (UK) ਵਿਚ ਸਾਰੀਆਂ ਦਵਾਈਆਂ ਦੀ ਵਰਤੋਂ ਨੂੰ ਰੈਗੂਲੇਟ ਕਰਦਾ ਹੈ।

ਇਲਾਜ ਨਾਲ ਸਬੰਧਤ ਖਾਸ ਜਾਣਕਾਰੀ ਅਤੇ ਇਸਦੇ ਜਾਣੂੰ ਆਮ ਗੌਣ ਪ੍ਰਭਾਵਾਂ ਦੇ ਲਈ ਕਿਰਪਾ ਕਰਕੇ ਨੱਥੀ ਦਸਤਾਵੇਜ਼ਾਂ ਨੂੰ ਦੇਖੋ।

## *ਕੀ ਮੈਂ ਭਾਗ ਲੈ ਸਕਦਾ/ਦੀ ਹਾਂ?*

ਭਾਗ ਲੈਣ ਦੇ ਲਈ ਤੁਹਾਨੂੰ **15 ਦਿਨਾਂ ਤੋਂ ਘੱਟ** ਸਮੇਂ ਲਈ ਉਨ੍ਹਾਂ ਲੱਛਣਾਂ ਦਾ ਤਜ਼ਰਬਾ ਕਰਦੇ ਹੋਣਾ ਚਾਹੀਦਾ ਹੈ ਜਿਨ੍ਹਾਂ ਦੇ ਕੋਵਿਡ-19 ਲਾਗ ਕਾਰਨ ਹੋਏ ਹੋਣ ਦੀ ਸੰਭਾਵਨਾ ਹੈ:

ਇਕ ਨਵੀਂ ਨਿਰੰਤਰ ਖੰਘ

**ਜਾਂ** ਤੇਜ਼ ਬੁਖਾਰ

**ਜਾਂ** ਸੁਆਦ ਜਾਂ ਗੰਧ ਮਹਿਸੂਸ ਕਰਨ ਦੀ ਸਧਾਰਣ ਸੰਵੇਦਨਾ ਵਿਚ ਕਮੀ ਜਾਂ ਤਬਦੀਲੀ

**ਜਾਂ**

- SARS-Co-V2 ਲਾਗ ਦੇ ਲਈ ਇਕ ਨਮੂਨਾ ਜਿਹੜਾ ਕਿ 15 ਦਿਨ ਪਹਿਲਾਂ ਲਿਆ ਗਿਆ ਸੀ, ਦੇ ਲਈ ਤੁਹਾਨੂੰ **ਪਾਜ਼ੀਟਿਵ** ਪਾਇਆ ਗਿਆ ਹੈ ਅਤੇ ਤੁਸੀਂ ਕੋਵਿਡ-19 ਦੇ ਲੱਛਣਾਂ ਦੇ ਨਾਲ ਬਿਮਾਰ ਹੋ। ਇਨ੍ਹਾਂ ਲੱਛਣਾਂ ਦੇ ਵਿਚ ਸਾਹ ਚੜ੍ਹਨਾ, ਬਿਮਾਰ ਮਹਿਸੂਸ ਕਰਨ ਦੀ ਆਮ ਭਾਵਨਾ, ਮਾਸਪੇਸ਼ੀ ਦਾ ਦਰਦ, ਦਸਤ, ਬੁਖਾਰ ਅਤੇ ਖਾਂਸੀ ਸ਼ਾਮਲ ਹੋ ਸਕਦੇ ਹਨ, ਪਰ ਇਹ ਇਨ੍ਹਾਂ ਲੱਛਣਾਂ ਤੱਕ ਹੀ ਸੀਮਤ ਨਹੀਂ ਹਨ ਅਤੇ ਤੁਹਾਨੂੰ ਇਹ ਲੱਛਣ **15 ਦਿਨਾਂ ਤੋਂ ਘੱਟ** ਸਮੇਂ ਲਈ ਹੋਏ ਹੋਣੇ ਚਾਹੀਦੇ ਹਨ।

ਨਾਲ ਹੀ, ਟਰਾਇਲ ਵਿਚ ਸ਼ਾਮਲ ਹੋਣ ਲਈ, ਤੁਸੀਂ ਇਨ੍ਹਾਂ ਵਿਚ ਹੋਣੇ ਚਾਹੀਦੇ ਹੋ:

***ਉਮਰ 65 ਸਾਲ ਅਤੇ ਵੱਧ***

**ਜਾਂ**

*18-64 ਸਾਲ ਦੀ ਉਮਰ ਅਤੇ ਕੋਵਿਡ-19 ਬਿਮਾਰੀ ਦੇ ਹਿੱਸੇ ਵਜੋਂ ਸਾਹ ਦੀ ਕਮੀ ਦਾ ਅਨੁਭਵ ਕਰ ਰਹੇ ਹੋ*

***ਜਾਂ***

***ਹੇਠ ਲਿਖੀਆਂ ਬੁਨਿਆਦੀ ਸਿਹਤ ਹਾਲਤਾਂ ਵਿਚੋਂ ਕਿਸੇ ਨਾਲ ਉਮਰ 18-64***

*a) ਗੰਭੀਰ ਬਿਮਾਰੀ ਜਾਂ ਦਵਾਈਆਂ (ਕੀਮੋਥੈਰੇਪੀ) ਦੇ ਕਾਰਨ ਕਮਜ਼ੋਰੀ ਹੋਈ ਜਾਣੂੰ ਸਰੀਰ ਰੱਖਿਆ ਪ੍ਰਣਾਲੀ*
*b) ਦਿਲ ਦੀ ਮਾਲੂਮ ਬਿਮਾਰੀ ਅਤੇ/ਜਾਂ ਖ਼ੂਨ ਦੇ ਉੱਚ ਦਬਾਅ ਦਾ ਨਿਦਾਨ*
*c) ਫੇਫੜਿਆਂ ਦੀ ਮਾਲੂਮ ਚਿਰਕਾਲੀਨ ਬਿਮਾਰੀ (ਉਦਾ. ਦਮਾ)*
*d) ਮਾਲੂਮ ਸ਼ੂਗਰ*
*e) ਹਲਕਾ ਮਾਲੂਮ ਹੈਪਟਿਕ ਨੁਕਸ;*
*f) ਸਟਰੋਕ ਜਾਂ ਤੰਤਰਿਕਾ ਸਬੰਧੀ ਸਮੱਸਿਆ;*
*g) ਸਵੈ-ਰਿਪੋਰਟ ਕੀਤਾ ਮੋਟਾਪਾ ਜਾਂ ਬਾਡੀ ਮਾਸ ਇੰਡੈਕਸ ≥35 kg/$m^2$*

*ਸਾਹ ਚੜ੍ਹਨਾ ਡੂੰਘੇ ਸਾਹ ਲੈਣਾ ਕਠਿਨ ਬਣਾ ਸਕਦਾ ਹੈ ਅਤੇ ਤੁਸੀਂ ਪੂਰਾ ਸਾਹ ਨਾ ਲੈ ਸਕਣਾ ਮਹਿਸੂਸ ਕਰ ਸਕਦੇ ਹੋ ਜਾਂ ਇਸ ਤਰ੍ਹਾਂ ਜਿਵੇਂ ਤੁਸੀਂ ਆਪਣੇ ਫੇਫੜਿਆਂ ਵਿਚ ਹਵਾ ਨਹੀਂ ਲਿਜਾ ਸਕਦੇ। ਹੋਣ ਬਹੁਤ ਸਾਰੀਆਂ ਤਕਲੀਫ਼ਾਂ ਜਿਨ੍ਹਾਂ ਦੇ ਕਾਰਨ ਸਾਹ ਚੜ੍ਹ ਸਕਦਾ ਹੈ, ਤੋਂ ਅਲੱਗ ਕੋਵਿਡ-19 ਵਾਲੇ ਲੋਕਾਂ ਵਿਚ ਇਹ ਲੱਛਣ ਨਿਰੰਤਰ ਰਹਿ ਸਕਦਾ ਹੈ ਅਤੇ ਤੇਜ਼ੀ ਨਾਲ ਵੱਧ ਸਕਦਾ ਹੈ।

## *ਕੀ ਮੇਰਾ ਭਾਗ ਲੈਣਾ ਜ਼ਰੂਰੀ ਹੈ?*

ਨਹੀਂ, ਭਾਗ ਲੈਣਾ ਪੂਰੀ ਤਰ੍ਹਾਂ ਤੁਹਾਡੀ ਪਸੰਦ ਹੈ ਅਤੇ ਇਹ ਇੱਛਾ ਅਧਾਰਤ ਹੈ। ਇਹ ਨਿਰਣਾ ਤੁਸੀਂ ਕਰਨਾ ਹੈ ਕਿ ਭਾਗ ਲੈਣਾ ਹੈ ਜਾਂ ਨਹੀਂ। ਭਾਗ ਨਾ ਲੈਣ ਦਾ ਨਿਰਣਾ ਤੁਹਾਡੇ ਦੁਆਰਾ ਐਨ ਐਚ ਐਸ (NHS) ਤੋਂ ਪ੍ਰਾਪਤ ਕੀਤੀ ਜਾ ਰਹੀ ਦੇਖਭਾਲ ਨੂੰ ਹੁਣ ਜਾਂ ਭਵਿੱਖ ਵਿਚ ਕਿਸੇ ਤਰ੍ਹਾਂ ਪ੍ਰਭਾਵਿਤ ਨਹੀਂ ਕਰੇਗਾ।

ਕੁਝ ਖਾਸ ਹਾਲਤਾਂ ਵਿਚ, ਅਸੀਂ ਉਨ੍ਹਾਂ ਲੋਕਾਂ ਨਾਲ ਸੰਪਰਕ ਕਰ ਰਹੇ ਹਾਂ ਜਿਨ੍ਹਾਂ ਨੂੰ ਹਾਲ ਹੀ ਵਿਚ ਕੋਵਿਡ-19 ਦੇ ਲਈ ਪਾਜ਼ੀਟਿਵ ਪਾਇਆ ਗਿਆ ਸੀ, ਅਤੇ ਮਹਾਂਮਾਰੀ ਦੇ ਇਨ੍ਹਾਂ ਵਿਲੱਖਣ ਹਾਲਤਾਂ ਵਿਚ ਟਰਾਇਲ ਨੂੰ ਇਸ ਬਾਰੇ ਜਾਣਕਾਰੀ ਐਨ ਐਚ ਐਸ ਡਿਜੀਟਲ (NHS Digital ) ਦੁਆਰਾ ਮੁਹੱਈਆ ਕਰਵਾਈ ਗਈ ਹੈ। ਤੁਹਾਨੂੰ ਪ੍ਰਿੰਸੀਪਲ ਟਰਾਇਲ ਦੇ ਭਵਿੱਖ ਦੇ ਕਿਸੇ ਵੀ ਤਰ੍ਹਾਂ ਦੇ ਸੰਚਾਰਾਂ ਵਿਚੋਂ ਬਾਹਰ ਨਿਕਲਣ ਦਾ ਅਧਿਕਾਰ ਹੈ

ਜੇ ਤੁਸੀਂ ਅਜਿਹਾ ਕਰਨ ਦੀ ਇੱਛਾ ਰੱਖਦੇ ਹੋ। ਜੇ ਤੁਸੀਂ ਟਰਾਇਲ ਤੋਂ ਹੋਰ ਸੰਚਾਰ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਤਾਂ ਕਿਰਪਾ ਕਰਕੇ ਸਾਨੂੰ ਦੱਸੋ। ਜੇ ਤੁਸੀਂ ਭਾਗ ਨਾ ਲੈਣ ਦਾ ਨਿਰਣਾ ਕਰਦੇ ਹੋ ਤਾਂ ਪ੍ਰਿੰਸੀਪਲ ਤੁਹਾਡੇ ਡਾਟਾ ਨੂੰ ਆਪਣੇ ਕੋਲ ਨਹੀਂ ਰੱਖੇਗਾ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਪੇਸ਼ੈਂਟ ਇਨਫਾਰਮੇਸ਼ਨ ਰੈਗੂਲੇਸ਼ਨਜ਼ ਦੇ ਹੈਲਥ ਸਰਵਿਸ ਕੰਟਰੋਲ (Health Service Control of Patient Information Regulations ) 2002 ਦੇ ਅਧੀਨ ਜਨਰਲ ਨੋਟਿਸ ਨੂੰ ਦੇਖੋ (ਲਿੰਕ) । ਅਸੀਂ ਟਰਾਇਲ ਦੇ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਲਈ ਵੱਧ ਤੋਂ ਵੱਧ ਤਿੰਨ ਕੋਸ਼ਿਸ਼ਾਂ ਕਰਾਂਗੇ।

## *ਜੇ ਮੈਂ ਭਾਗ ਲੈਂਦਾ/ਦੀ ਹਾਂ ਤਾਂ ਮੇਰੇ ਨਾਲ ਕੀ ਵਾਪਰੇਗਾ?*

ਜੇ ਤੁਸੀਂ ਭਾਗ ਲੈਣ ਵਿਚ ਦਿਲਚਸਪ ਹੋ, ਤਾਂ ਇਹ ਦੇਖਣ ਲਈ ਕਿ ਕੀ ਤੁਸੀਂ ਪਾਤਰ ਹੋ ਅਸੀਂ ਤੁਹਾਨੂੰ ਇਕ ਸੰਖੇਪ ਆਨਲਾਇਨ ਫਾਰਮ ਪੂਰਾ ਕਰਨ ਲਈ ਕਹਾਂਗੇ। ਜੇ ਤੁਹਾਡੇ ਕੋਲ ਇੰਟਰਨੈੱਟ ਦੀ ਉਪਲਬੱਧਤਾ ਨਹੀਂ ਹੈ ਜਾਂ ਇਸਦੀ ਬਜਾਏ ਸਾਨੂੰ ਟੈਲੀਫੋਨ ਕਰਨਾ ਚਾਹੋਗੇ, ਤਾਂ ਤੁਸੀਂ ਸਾਨੂੰ ਦਸਤਾਵੇਜ਼ ਦੇ ਅੰਤ ਤੇ ਦਿੱਤੇ ਸੰਪਰਕ ਵੇਰਵਿਆਂ ਦੀ ਵਰਤੋਂ ਕਰਕੇ ਸੰਪਰਕ ਕਰ ਸਕਦੇ ਹੋ।

### ਸੂਚਿਤ ਸਹਿਮਤੀ

ਤੁਹਾਨੂੰ ਆਨਲਾਈਨ ਜਾਂ ਟੈਲੀਫ਼ੋਨ ਰਾਹੀਂ ਇਕ ਸਹਿਮਤੀ ਫਾਰਮ ਨੂੰ ਪੂਰਾ ਕਰਨ ਲਈ ਕਿਹਾ ਜਾਵੇਗਾ। ਫਾਰਮ ਨੂੰ ਕਿਸ ਤਰ੍ਹਾਂ ਭਰਨਾ ਹੈ ਇਸ ਬਾਰੇ ਹਦਾਇਤਾਂ ਪ੍ਰਦਾਨ ਕੀਤੀਆਂ ਜਾਣਗੀਆਂ, ਇਸ ਤਰ੍ਹਾਂ ਤੁਸੀਂ ਜਾਣ ਜਾਓਗੇ ਕਿ ਕੀ ਕਰਨਾ ਹੈ। ਤੁਸੀਂ ਆਪਣੀ ਸੂਚਿਤ ਸਹਿਮਤੀ ਫਾਰਮ ਦੀ ਇਕ ਕਾਪੀ ਨੂੰ ਡਾਊਨਲੋਡ ਕਰਨ ਅਤੇ ਆਪਣੇ ਕੋਲ ਰੱਖਣ ਦੇ ਸਮਰੱਥ ਹੋਵੋਗੇ।

### ਸ਼ੁਰੂਆਤੀ ਪ੍ਰਸ਼ਨੋਤਰੀ

ਇਸ ਦੇ ਬਾਅਦ ਤੁਸੀਂ ਆਪਣੇ ਬਾਰੇ ਅਤੇ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹੋ ਦੇ ਬਾਰੇ ਕੁਝ ਪ੍ਰਸ਼ਨਾਂ ਨੂੰ ਪੂਰਾ ਕਰੋਗੇ। ਅਸੀਂ ਸੰਪਰਕ ਦੇ ਕੁਝ ਵੇਰਵੇ ਜਿਵੇਂ ਤੁਹਾਡਾ ਨਾਮ, ਈਮੇਲ ਪਤਾ ਅਤੇ ਟੈਲੀਫ਼ੋਨ ਨੰਬਰ ਵੀ ਇਕੱਤਰ ਕਰਾਂਗੇ। ਜੇ ਕੋਈ ਇਸ ਲਈ ਢੁੱਕਵਾਂ ਹੋਏਗਾ, ਅਸੀਂ ਤੁਹਾਨੂੰ ਟਰਾਇਲ ਵਿਚਲੇ ਕਿਸੇ ਭਾਗੀਦਾਰ ਦੇ ਵੇਰਵੇ ਪ੍ਰਦਾਨ ਕਰਨ ਲਈ ਵੀ ਕਹਾਂਗੇ। ਜੇ ਇਸ ਤਰ੍ਹਾਂ ਦਾ ਕੋਈ

ਵਿਅਕਤੀ ਮੌਜੂਦ ਹੈ ਤਾਂ ਇਹ ਭਾਗੀਦਾਰ ਤੁਹਾਡਾ ਰਿਸ਼ਤੇਦਾਰ, ਤੁਹਾਡਾ ਵਿਆਹੁਤਾ ਸਾਥੀ, ਦੋਸਤ ਜਾਂ ਦੇਖਭਾਲਕਰਤਾ ਹੋ ਸਕਦਾ ਹੈ ਜਿਸਨੂੰ ਅਸੀਂ ਤੁਹਾਡੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਉਸ ਸਮੇਂ ਸੰਪਰਕ ਕਰਾਂਗੇ ਜਦੋਂ ਅਸੀਂ ਕਿਸੇ ਕਾਰਨ ਕਰਕੇ ਤੁਹਾਡੇ ਨਾਲ ਸੰਪਰਕ ਕਰਨ ਦੇ ਸਮਰੱਥ ਨਹੀਂ ਹੋਵਾਂਗੇ।

## ਬੇਤਰਤੀਬ ਬਣਾਉਣਾ

ਪ੍ਰਕ੍ਰਿਆ ਦਾ ਅੰਤਮ ਹਿੱਸਾ ਤੁਹਾਨੂੰ ਦੱਸੇਗਾ ਕਿ ਕੀ ਤੁਸੀਂ ਮਾਨਕ ਦੇਖਭਾਲ ਨੂੰ ਪ੍ਰਾਪਤ ਕਰੋਗੇ ਜਾਂ ਮਾਨਕ ਦੇਖਭਾਲ ਅਤੇ ਟਰਾਇਲ ਵਾਲਾ ਇਲਾਜ ਪ੍ਰਾਪਤ ਕਰੋਗੇ। ਤੁਹਾਨੂੰ ਸਾਡੀ ਕੰਪਿਊਟਰ ਪ੍ਰਣਾਲੀ ਦੇ ਦੁਆਰਾ ਬੇਤਰਤੀਬੇ ਤਰੀਕੇ (ਜਿਵੇਂ ਕਿਸੇ ਗੀਟੀ ਨੂੰ ਉਛਾਲ ਕੇ ਸੁੱਟਣਾ) ਨਾਲ ਇਨ੍ਹਾਂ ਸਮੂਹਾਂ ਵਿਚੋਂ ਇਕ ਸ਼ਾਮਲ ਕੀਤਾ ਜਾਵੇਗਾ ਅਤੇ ਨਾ ਤਾਂ ਤੁਸੀਂ, ਨਾ ਤੁਹਾਡਾ ਜੀ ਪੀ (GP) ਜਾਂ ਟਰਾਇਲ ਦੀ ਟੀਮ ਇਹ ਨਿਰਣਾ ਕਰ ਸਕਦੀ ਹੈ ਕਿ ਤੁਸੀਂ ਕਿਹੜੇ ਸਮੂਹ ਵਿਚ ਹੋਵੋਗੇ। ਇਸਦਾ ਨਿਰਣਾ ਪੂਰੀ ਤਰ੍ਹਾਂ ਸੰਯੋਗ ਅਨੁਸਾਰ ਹੋਵੇਗਾ।

ਤੁਹਾਨੂੰ ਇਹ ਦੱਸਦੀ ਹੋਈ ਈਮੇਲ ਜਾਂ ਫ਼ੋਨ ਕਾੱਲ ਪ੍ਰਾਪਤ ਕਰੋਗੇ ਕਿ ਤੁਹਾਨੂੰ ਕਿਸ ਸਮੂਹ ਦੇ ਵਿਚ ਪਾਇਆ ਗਿਆ ਹੈ; ਤੁਹਾਡਾ ਜੀ ਪੀ (GP) ਅਤੇ ਟਰਾਇਲ ਟੀਮ ਵੀ ਇਸ ਈਮੇਲ ਨੂੰ ਪ੍ਰਾਪਤ ਕਰਨਗੇ। ਜੇ ਸਾਨੂੰ ਇਹ ਪਤਾ ਲੱਗਦਾ ਹੈ ਕਿ ਤੁਸੀਂ ਭਾਗ ਨਹੀਂ ਲੈ ਸਕਦੇ ਤਾਂ ਅਸੀਂ ਤੁਹਾਨੂੰ ਈਮੇਲ ਜਾਂ ਫ਼ੋਨ ਦੁਆਰਾ ਸੂਚਿਤ ਕਰਾਂਗੇ।

## ਟਰਾਇਲ ਵਾਲਾ ਇਲਾਜ

ਜੇ ਮਾਨਕ ਦੇਖਭਾਲ ਅਤੇ ਟਰਾਇਲ ਵਾਲੇ ਇਲਾਜ ਵਾਲੇ ਸਮੂਹ ਲਈ ਤੁਹਾਡੀ ਬੇਤਰਤੀਬ ਨਾਲ ਚੋਣ ਕਰ ਲਈ ਜਾਂਦੀ ਹੈ ਤਾਂ ਤੁਹਾਨੂੰ ਦਵਾਈ ਪਹੁੰਚਾਉਣ ਲਈ ਪ੍ਰਬੰਧ ਕੀਤੇ ਜਾਣਗੇ। ਤੁਸੀਂ ਇਸ ਬਾਰੇ ਵੀ ਹਦਾਇਤਾਂ ਪ੍ਰਾਪਤ ਕਰੋਗੇ ਕਿ ਇਸਨੂੰ ਕਿਵੇਂ ਲੈਣਾ ਹੈ ਅਤੇ ਕਿੰਨੇ ਸਮੇਂ ਲਈ ਲੈਣਾ ਹੈ ਅਤੇ ਤੁਹਾਨੂੰ ਟੈਕਸਟ ਜਾਂ ਟੈਲੀਫ਼ੋਨ ਕਾੱਲ ਦੇ ਰਾਹੀਂ ਦਵਾਈ ਦੀ ਪ੍ਰਾਪਤੀ ਬਾਰੇ ਪੁਸ਼ਟੀ ਕਰਨ ਲਈ ਕਿਹਾ ਜਾਵੇਗਾ। ਜੇ ਟਰਾਇਲ ਦੇ ਦੌਰਾਨ ਤੁਹਾਡੀ ਹਾਲਤ ਹੋਰ ਵਿਗੜਦੀ ਹੈ, ਤਾਂ ਤੁਹਾਨੂੰ ਇਸ ਬਾਰੇ ਅਧਿਐਨ ਟੀਮ ਨਾਲ ਸੰਪਰਕ ਨਹੀਂ ਕਰਨਾ ਚਾਹੀਦਾ ਸਗੋਂ ਆਪਣੇ ਜੀ ਪੀ (GP) ਜਾਂ ਹੋਰ ਆਮ ਸੇਵਾਵਾਂ ਜੋ ਤੁਹਾਡੇ ਲਈ ਉਪਲਬੱਧ ਹਨ, ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਫਾਲੋ-ਅੱਪ

ਤੁਹਾਨੂੰ ਤੁਹਾਡੇ ਟਰਾਇਲ ਦੇ ਸ਼ੁਰੂ ਹੋਣ ਤੋਂ ਬਾਅਦ 28 ਦਿਨ ਤੱਕ ਤੁਹਾਡੇ ਲੱਛਣਾਂ ਅਤੇ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ, ਦੇ ਸਬੰਧ ਵਿਚ ਆਨਲਾਈਨ ਪ੍ਰਸ਼ਨਾਂ ਨੂੰ ਪੂਰਾ ਕਰਨ ਲਈ ਸਾਡੇ ਤੋਂ ਇਕ ਟੈਕਸਟ ਸੁਨੇਹਾ ਪ੍ਰਾਪਤ ਹੋਏਗਾ। ਜੇ ਟਰਾਇਲ ਟੀਮ ਤੁਹਾਡੇ ਰੋਜ਼ਾਨਾ ਦੀ ਡਾਇਰੀ ਦੇ ਆਨਲਾਇਨ ਉੱਤਰਾਂ ਨੂੰ ਪ੍ਰਾਪਤ ਨਹੀਂ ਕਰਦੀ ਹੈ, ਉਹ ਫਾਲੋ ਅੱਪ ਅਵਧੀ ਦੇ 2, 7, 14 ਅਤੇ 28 ਦਿਨ ਤੁਹਾਨੂੰ ਟੈਕਸਟ ਭੇਜਣਗੇ ਜਾਂ ਟੈਲੀਫ਼ੋਨ ਕਰਨਗੇ ਅਤੇ ਤੁਹਾਨੂੰ ਫ਼ੋਨ ਦੇ ਉੱਪਰ ਪ੍ਰਸ਼ਨਾਂ ਦਾ ਇਕ ਸੰਖੇਪ ਸੈੱਟ ਪੁੱਛਣਗੇ।

ਤੁਹਾਡੇ ਦੁਆਰਾ ਟਰਾਇਲ ਲਈ ਆਪਣਾ ਨਾਮ ਲਿਖਵਾਉਣ ਦੇ 12 ਮਹੀਨੇ ਬਾਅਦ ਤੱਕ ਅਸੀਂ ਤੁਹਾਡੇ ਨਾਲ ਮਹੀਨੇ ਵਿਚ ਇਕ ਵਾਰ ਸੰਪਰਕ ਕਰ ਸਕਦੇ ਹਾਂ (ਈਮੇਲ, ਟੈਕਸਟ ਸੁਨੇਹਾ ਜਾਂ ਟੈਲੀਫ਼ੋਨ ਕਾੱਲ) ਤਾਂ ਜੋ ਅਸੀਂ ਚਲੰਤ ਲੱਛਣਾਂ, ਹਸਪਤਾਲ ਦੀਆਂ ਵਿਜ਼ਟਸ ਅਤੇ ਤੁਹਾਡੀ ਭਲਾਈ ਬਾਰੇ ਜਾਣਕਾਰੀ ਇਕੱਤਰ ਕਰ ਸਕੀਏ। ਉਹ ਨਮੂਨੇ ਜੋ ਤੁਸੀਂ ਕੋਵਿਡ-19 ਲਈ ਆਪਣੀ ਮਾਨਕ ਦੇਖਭਾਲ ਵਿਚ

ਦਿੱਤੇ ਹਨ ਜਾਂ ਦੇਵੋਗੇ, ਉਨ੍ਹਾਂ ਨੂੰ ਵੀ ਰਾਸ਼ਟਰੀ ਲਾਗ ਨਿਗਰਾਨੀ ਦੇ ਲਈ ਵਰਤਿਆ ਜਾ ਸਕਦਾ ਹੈ, ਜੇ ਅਜਿਹਾ ਹੁੰਦਾ ਹੈ, ਤਾਂ ਅਸੀਂ ਤੁਹਾਡੇ ਜੀ ਪੀ (GP) ਰਿਕਾਰਡ ਜਾਂ ਪੀ ਐਚ ਈ (PHE) ਦੁਆਰਾ ਰੱਖੇ ਗਏ ਕਿਸੇ ਤਰ੍ਹਾਂ ਦੇ ਨਮੂਨਿਆਂ (ਜਿਨ੍ਹਾਂ ਵਿਚ ਜਾਂਚ ਵਾਲੇ ਸਵੈਬਜ਼ ਅਤੇ ਕੋਨਵਾਲੇਸੈਂਟ ਖੂਨ ਨਮੂਨੇ ਸ਼ਾਮਲ ਹਨ) ਤੋਂ ਪ੍ਰਾਪਤ ਨਤੀਜਿਆਂ ਤੱਕ ਪਹੁੰਚ ਕਰਨੀ ਚਾਹਵਾਂਗੇ। ਇਸ ਦੇ ਇਲਾਵਾ ਅਸੀਂ ਤੁਹਾਡੇ ਜੀ ਪੀ (GP) ਰਿਕਾਰਡਾਂ ਅਤੇ ਸੈਂਟਰਲ ਐਨ ਐਚ ਐਸ (central NHS) ਅਦਾਰਿਆਂ ਜਿਵੇਂ ਕਿ (ਐਨ ਐਚ ਐਸ ਡਿਜੀਟਲ) (NHS Digital) ਦੁਆਰਾ ਰੱਖੇ ਗਏ ਡਾਟਾ ਤੋਂ 10 ਸਾਲ ਤੱਕ ਲਈ ਦੀਰਘ-ਕਾਲੀਨ ਫਾਲੋ-ਅੱਪ ਲਈ ਜਾਣਕਾਰੀ ਇਕੱਤਰ ਕਰਾਂਗੇ, ਤਾਂ ਜੋ ਕੋਵਿਡ-19 ਅਤੇ ਟਰਾਇਲ ਵਾਲੇ ਇਲਾਜਾਂ ਦੇ ਦੀਰਘ-ਕਾਲੀਨ ਪ੍ਰਭਾਵਾਂ ਨੂੰ ਸਮਝਣ ਵਿਚ ਸਾਡੀ ਮਦਦ ਹੋ ਸਕੇ।

**ਕੋਵਿਡ-19 ਦੇ ਹੋਰ ਟਰਾਇਲਾਂ ਦਾ ਸਮਰਥਨ ਕਰਨਾ**

ਸਾਡਾ ਮੁੱਖ ਉਦੇਸ਼ ਉਨ੍ਹਾਂ ਇਲਾਜਾਂ ਦਾ ਪਤਾ ਲਗਾਉਣਾ ਹੈ ਜਿਨ੍ਹਾਂ ਨੂੰ ਭਾਈਚਾਰੇ ਦੇ ਵਿਚ ਵਰਤਿਆ ਜਾ ਸਕਦਾ ਹੈ ਅਤੇ ਜੋ ਕੋਵਿਡ-19 ਦੇ ਵਿਰੁੱਧ ਪ੍ਰਭਾਵਸ਼ਾਲੀ ਹਨ। ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਅਸੀਂ ਹੋਰ ਖੋਜਾਰਥੀਆਂ ਨਾਲ ਕੰਮ ਕਰ ਰਹੇ ਹਾਂ। ਤੁਸੀਂ ਪ੍ਰਿੰਸੀਪਲ ਟਰਾਇਲ ਪਲੈਟਫਾਰਮ ਤੋਂ ਇਲਾਜ ਵਾਲੇ ਹੋਰ ਟਰਾਇਲਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

## ਜੇ ਮੈਨੂੰ ਹਸਪਤਾਲ ਵਿਚ ਦਾਖਲ ਕਰ ਲਿਆ ਜਾਂਦਾ ਹੈ ਤਾਂ ਕੀ ਹੋਏਗਾ?

ਜੇ 28 ਦਿਨ ਦੀ ਫਾਲੋ ਅੱਪ ਅਵਧੀ ਦੇ ਦੌਰਾਨ ਤੁਹਾਨੂੰ ਕਿਸੇ ਵੀ ਸਮੇਂ ਹਸਪਤਾਲ ਦਾਖਲ ਕੀਤਾ ਜਾਂਦਾ ਹੈ ਤਾਂ ਸਾਡੇ ਲਈ ਇਹ ਜਾਣਨਾ ਵਾਕਈ ਮਹੱਤਵਪੂਰਨ ਹੈ। ਸਾਨੂੰ ਇਸ ਬਾਰੇ ਜਾਣਨ ਦੀ ਜ਼ਰੂਰਤ ਹੈ ਕਿ ਕੀ ਤੁਸੀਂ ਟਰਾਇਲ ਵਾਲੀ ਦਵਾਈ ਨੂੰ ਲੈ ਰਹੇ ਹੋ ਜਾਂ ਨਹੀਂ। ਅਸੀਂ ਤੁਹਾਨੂੰ ਇਕ ਕਾਰਡ ਦੇਵਾਂਗੇ ਜੋ ਤੁਸੀਂ ਦੂਜੇ ਸਿਹਤ ਪੇਸ਼ੇਵਰਾਂ ਨੂੰ ਇਹ ਦੱਸਣ ਲਈ ਆਪਣੇ ਨਾਲ ਰੱਖ ਸਕਦੇ ਹੋ ਕਿ ਤੁਸੀਂ ਇਸ ਟਰਾਇਲ ਵਿਚ ਭਾਗ ਲੈ ਰਹੇ ਹੋ। ਇਹ ਵਾਕਈ ਬਹੁਤ ਮਹੱਤਵਪੂਰਨ ਹੈ ਕਿ ਤੁਹਾਡਾ ਕੋਈ ਨਜ਼ਦੀਕੀ ਵਿਅਕਤੀ ਇਹ ਜਾਣਦਾ ਹੈ ਕਿ ਤੁਸੀਂ ਅਧਿਐਨ ਵਿਚ ਭਾਗ ਲੈ ਰਹੇ ਹੋ, ਤਾਂ ਜੋ ਜੇ ਤੁਸੀਂ ਹਸਪਤਾਲ ਦਾਖਲ ਹੁੰਦੇ ਹੋ, ਤਾਂ ਉਹ ਕਾਰਡ ਉੱਤੇ ਦਿੱਤੇ ਵੇਰਵਿਆਂ ਦੀ ਵਰਤੋਂ ਕਰਕੇ ਸਾਨੂੰ ਇਹ ਜਾਣਕਾਰੀ ਦੇ ਸਕਣ।

ਅਸੀਂ ਤੁਹਾਡੇ ਚਿਕਿਤਸਕ ਰਿਕਾਰਡਾਂ ਅਤੇ ਸੈਂਟਰਲ ਐਨ ਐਚ ਐਸ (NHS) ਰਜਿਸਟਰੀਆਂ ਅਤੇ ਡਾਟਾਬੇਸਾਂ (ਐਨ ਐਚ ਐਸ ਡਿਜੀਟਲ (NHS Digital), ਪਬਲਿਕ ਹੈਲਥ ਇੰਗਲੈਂਡ ਅਤੇ ਹੋਰ ਬਰਾਬਰ ਦੇ ਅਦਾਰੇ, ਅਤੇ ਅਨੂਵਾਂਸ਼ਿਕ ਅਤੇ ਹੋਰ ਖੋਜ ਸਬੰਧੀ ਡਾਟਾ ਬੇਸ, ਜੇ ਤੁਸੀਂ ਉਨ੍ਹਾਂ ਨੂੰ ਨਮੂਨੇ ਮੁਹੱਈਆ ਕਰਵਾਏ ਹਨ) ਵਿਚ ਤੁਹਾਡੇ ਬਾਰੇ ਰੱਖੇ ਗਏ ਡਾਟਾ ਤੱਕ ਵੀ ਪਹੁੰਚ ਕਰ ਸਕਦੇ ਹਾਂ ਤਾਂ ਜੋ ਤੁਹਾਡੇ ਦੁਆਰਾ ਫਾਲੋ-ਅੱਪ ਅਵਧੀ ਦੇ ਦੌਰਾਨ ਹਸਪਤਾਲ ਵਿਚ ਕਰਵਾਏ ਗਏ ਕਿਸੇ ਤਰ੍ਹਾਂ ਦੇ ਦਾਖਲੇ ਬਾਰੇ ਜਾਣਕਾਰੀ ਇਕੱਤਰ ਕੀਤੀ ਜਾ ਸਕੇ।

**ਵਿਕਲਪਕ ਫਾਲੋ-ਅੱਪ**

ਮੁੱਖ ਟਰਾਇਲ ਦੀ ਸਮਾਪਤੀ ਦੇ ਬਾਅਦ ਲੋਕਾਂ ਦੇ ਇਕ ਸਮੂਹ ਦੇ ਤਜ਼ਰਬਿਆਂ ਬਾਰੇ ਪੁੱਛਣ ਲਈ ਅਸੀਂ ਉਨ੍ਹਾਂ ਨਾਲ ਇੰਟਰਵਿਊ ਕਰਨ ਦੀ ਯੋਜਨਾ ਬਣਾ ਰਹੇ ਹਾਂ। ਟਰਾਇਲ ਦਾ ਇਹ ਵਾਲਾ ਹਿੱਸਾ ਵੀ ਵਿਕਲਪਕ ਹੈ। ਤੁਸੀਂ ਸਹਿਮਤੀ ਫਾਰਮ ਉੱਤੇ ਇਸਦੀ ਪੁਸ਼ਟੀ ਕਰ ਸਕੋਗੇ ਕਿ ਕੀ ਤੁਸੀਂ ਖੋਜ ਟੀਮ ਦੁਆਰਾ ਇਸ ਬਾਰੇ ਸੰਪਰਕ ਕੀਤੇ ਜਾਣ ਲਈ ਸਹਿਮਤ ਹੋ ਜਾਂ ਨਹੀਂ। ਜੇ ਤੁਸੀਂ ਸਹਿਮਤ ਹੋ ਤਾਂ ਅਧਿਐਨ ਟੀਮ ਤਕਰੀਬਨ 28 ਦਿਨਾਂ ਦੇ ਅੰਦਰ ਇੰਟਰਵਿਊ aGer ਦੇ ਵੇਰਵਿਆਂ ਦੇ ਨਾਲ ਤੁਹਾਡੇ ਨਾਲ ਸੰਪਰਕ ਕਰੇਗੀ। ਇਸ ਦੇ ਬਾਅਦ ਤੁਸੀਂ ਇਹ ਨਿਰਣਾ ਕਰ ਸਕਦੇ ਹੋ ਕਿ ਤੁਸੀਂ ਭਾਗ ਲੈਣਾ ਚਾਹੁੰਦੇ ਹੋ ਜਾਂ ਨਹੀਂ।

## ਭਾਗ ਲੈਣ ਦੇ ਸੰਭਾਵਤ ਨੁਕਸਾਨ ਜਾਂ ਗੌਣ ਪ੍ਰਭਾਵ ਕਿਹੜੇ ਹਨ?

ਐਨ ਐਚ ਐਸ ਦੇ ਅੰਦਰ ਵਰਤੀਆਂ ਜਾ ਰਹੀਆਂ ਦਵਾਈਆਂ ਸਮੇਤ, ਕਿਸੇ ਵੀ ਦਵਾਈ ਦੇ ਨਾਲ, ਗੌਣ ਪ੍ਰਭਾਵਾਂ ਦਾ ਜ਼ੋਖਮ ਹੁੰਦਾ ਹੈ। ਹਰੇਕ ਦਵਾਈ ਨਾਲ ਸਬੰਧਤ ਆਮ ਗੌਣ ਪ੍ਰਭਾਵਾਂ ਦੇ ਵੇਰਵਿਆਂ ਲਈ ਕਿਰਪਾ ਕਰਕੇ ਨੱਥੀ ਦਸਤਾਵੇਜ਼ ਨੂੰ ਦੇਖੋ। ਤੁਹਾਨੂੰ, ਸਾਨੂੰ ਇਹ ਦੱਸਣ ਲਈ ਕਿਹਾ ਜਾਵੇਗਾ ਕਿ ਕੀ ਤੁਸੀਂ ਆਪਣੇ ਰੋਜ਼ਾਨਾ ਦੀ ਡਾਇਰੀ ਵਿਚ ਇਨ੍ਹਾਂ ਵਿਚੋਂ ਕਿਸੇ ਲੱਛਣ ਦਾ ਤਜ਼ਰਬਾ ਕਰ ਰਹੇ ਹੋ, ਅਤੇ ਤੁਸੀਂ ਸਾਨੂੰ ਦੱਸਣ ਲਈ ਟਰਾਇਲ ਦੇ ਫ੍ਰੀਫ਼ੋਨ ਨਾਲ ਵੀ ਸੰਪਰਕ ਕਰ ਸਕਦੇ ਹੋ।

## ਭਾਗ ਲੈਣ ਦੇ ਸੰਭਾਵਤ ਲਾਭ ਕੀ ਹਨ?

ਅਸੀਂ ਨਹੀਂ ਜਾਣਦੇ ਕਿ ਜਾਂਚੇ ਜਾ ਰਹੇ ਇਲਾਜਾਂ ਦੇ ਅਤਿਰਿਕਤ ਲਾਭ ਹੋਣਗੇ। ਹੋ ਸਕਦਾ ਹੈ ਕਿ ਟਰਾਇਲ ਵਾਲਾ ਇਲਾਜ ਤੁਹਾਡੀ ਮਦਦ ਕਰੇ ਜਾਂ ਨਾ ਕਰੇ, ਪਰ ਇਸ ਟਰਾਇਲ ਨੂੰ ਭਵਿੱਖ ਵਾਲੇ ਮਰੀਜ਼ਾਂ ਦੀ ਮਦਦ ਕਰਨੀ ਚਾਹੀਦੀ ਹੈ।

## ਜੇ ਮੈਂ ਟਰਾਇਲ ਵਿਚ ਭਾਗ ਲੈਣਾ ਜਾਰੀ ਨਹੀਂ ਰੱਖਣਾ/ਣੀ ਚਾਹੁੰਦਾ/ਦੀ ਤਾਂ ਕੀ ਹੋਏਗਾ?

ਜੇ ਤੁਸੀਂ ਭਾਗ ਲੈਣ ਦਾ ਨਿਰਣਾ ਕਰਦੇ ਹੋ ਤਾਂ ਤੁਸੀਂ ਕਿਸੇ ਵੀ ਸਮੇਂ ਬਿਨਾਂ ਕੋਈ ਕਾਰਨ ਦੱਸਿਆਂ ਇਸ ਵਿਚੋਂ ਹੱਟ ਸਕਦੇ ਹੋ। ਇਸ ਸਮੇਂ ਤੱਕ ਇਕੱਤਰ ਕੀਤੀ ਗਈ ਜਾਣਕਾਰੀ ਨੂੰ ਵਰਤਿਆ ਜਾਵੇਗਾ।

ਜੇ ਤੁਸੀਂ ਟਰਾਇਲ ਵਿਚੋਂ ਹੱਟਣਾ ਚਾਹੁੰਦੇ ਹੋ ਤਾਂ ਪੰਨਾ 12 ਉੱਪਰ ਦਿੱਤੇ ਸੰਪਰਕ ਵੇਰਵਿਆਂ ਦੀ ਵਰਤੋਂ ਕਰਕੇ ਟਰਾਇਲ ਟੀਮ ਨਾਲ ਸੰਪਰਕ ਕਰੋ। ਟਰਾਇਲ ਵਿਚੋਂ ਹੱਟਣ ਦਾ ਨਿਰਣਾ ਤੁਹਾਡੇ ਦੁਆਰਾ ਐਨ ਐਚ ਐਸ ਤੋਂ ਪ੍ਰਾਪਤ ਕੀਤੀ ਜਾ ਰਹੀ ਦੇਖਭਾਲ ਨੂੰ ਕਿਸੇ ਵੀ ਤਰੀਕੇ ਨਾਲ ਹੁਣ ਜਾਂ ਭਵਿੱਖ ਵਿਚ ਪ੍ਰਭਾਵਿਤ ਨਹੀਂ ਕਰੇਗਾ।

## ਖਰਚੇ ਅਤੇ ਭੁਗਤਾਨ

ਤੁਹਾਡੀ ਭਾਗੀਦਾਰੀ ਦੇ ਲਈ ਤੁਹਾਨੂੰ £20 ਦੇ ਮੁੱਲ ਦੇ ਗਿਫ਼ਟ ਵਾਊਚਰਾਂ ਦੇ ਨਾਲ ਵਾਪਸੀ ਭੁਗਤਾਨ ਕੀਤਾ ਜਾਵੇਗਾ। ਤੁਹਾਡੀ ਫਾਲੋ ਅੱਪ ਅਵਧੀ ਦੀ ਸਮਾਪਤੀ ਤੇ, ਜਦੋਂ ਸਾਨੂੰ ਇਕ ਵਾਰ ਤੁਹਾਡੀ ਪੂਰੀ ਕੀਤੀ ਹੋਈ ਲੱਛਣਾਂ ਵਾਲੀ ਡਾਇਰੀ ਪ੍ਰਾਪਤ ਹੋ ਜਾਂਦੀ ਹੈ, ਤੁਸੀਂ ਵਾਊਚਰ ਪ੍ਰਾਪਤ ਕਰੋਗੇ।

## ਜੇ ਕਿਸੇ ਤਰ੍ਹਾਂ ਦੀਆਂ ਸਮੱਸਿਆਵਾਂ ਹੁੰਦੀਆਂ ਹਨ ਤਾਂ ਕੀ ਹੋਏਗਾ?

ਜੇ ਤੁਹਾਨੂੰ ਇਸ ਟਰਾਇਲ ਦੇ ਬਾਰੇ ਕਿਸੇ ਤਰ੍ਹਾਂ ਦੇ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਟਰਾਇਲ ਟੀਮ ਨਾਲ ਸੰਪਰਕ ਕਰੋ (ਸੰਪਰਕ ਵੇਰਵਿਆਂ ਲਈ ਪੰਨਾ 12 ਦੇਖੋ)।

ਇਕ ਪ੍ਰਾਯੋਜਕ ਦੇ ਤੌਰ ਤੇ ਯੂਨੀਵਰਸਿਟੀ ਆਫ਼ ਆਕਸਫੋਰਡ (University of Oxford) ਕੋਲ, ਉਸ ਅਸੰਭਵ ਹਾਲਤ ਜਦੋਂ ਤੁਹਾਨੂੰ ਇਸ ਟਰਾਇਲ ਵਿਚ ਭਾਗ ਲੈਣ ਦੇ ਸਿੱਧੇ ਨਤੀਜੇ ਵੱਜੋਂ ਨੁਕਸਾਨ ਬਰਦਾਸ਼ਤ ਕਰਨਾ ਪੈਂਦਾ ਹੈ, ਦੇ ਲਈ ਢੁੱਕਵਾਂ ਬੀਮਾ ਮੌਜੂਦ ਹੈ।

ਜੇ ਤੁਸੀਂ ਉਸ ਤਰੀਕੇ ਜਿਸ ਨਾਲ ਤੁਹਾਡੇ ਤੱਕ ਪਹੁੰਚ ਕੀਤੀ ਗਈ ਹੈ ਜਾਂ ਇਲਾਜ ਕੀਤਾ ਗਿਆ ਹੈ, ਜਾਂ ਇਸ ਟਰਾਇਲ ਦੇ ਦੌਰਾਨ ਤੁਹਾਡੀ ਜਾਣਕਾਰੀ ਕਿਸ ਤਰ੍ਹਾਂ ਸੰਭਾਲੀ ਜਾਂਦੀ ਹੈ, ਦੇ ਕਿਸੇ ਵੀ ਪੱਖ ਬਾਰੇ ਸ਼ਿਕਾਇਤ ਹੈ ਤਾਂ ਤੁਹਾਨੂੰ ਟਰਾਇਲ ਟੀਮ ਨੂੰ principle@phc.ox.ac.uk ਜਾਂ **0800 138 0880** ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ ਤੁਸੀਂ ਆਕਸਫੋਰਡ ਯੂਨੀਵਰਸਿਟੀ ਕਲੀਨਿਕਲ ਟਰਾਇਲਜ਼ ਐਂਡ ਰਿਸਰਚ ਗਵਰਨੈਂਸ (ਸੀ ਟੀ ਆਰ ਜੀ) (University of Oxford Clinical Trials and Research Governance, CTRG) ਦਫ਼ਤਰ ਨਾਲ 01865 616480 ਉੱਤੇ ਕਾੱਲ ਕਰ ਸਕਦੇ ਹੋ ਜਾਂ ਸੀ ਟੀ ਆਰ ਜੀ (CTRG) ਦੇ ਮੁੱਖੀ ਨੂੰ ਇੱਥੇ ਈਮੇਲ ਭੇਜ ਸਕਦੇ ਹੋ ctrg@admin.ox.ac.uk

## *ਮੇਰੇ ਡਾਟਾ ਦਾ ਕੀ ਬਣੇਗਾ?*

ਤੁਹਾਡੇ ਅਤੇ ਤੁਹਾਡੀ ਸਿਹਤ ਬਾਰੇ ਸਾਰੀ ਜਾਣਕਾਰੀ ਨੂੰ ਨਿੱਜੀ ਰੱਖਿਆ ਜਾਵੇਗਾ। ਜਾਣਕਾਰੀ ਨੂੰ ਦੇਖਣ ਦੀ ਆਗਿਆ ਦਿੱਤੇ ਲੋਕ ਕੇਵਲ ਟਰਾਇਲ ਨੂੰ ਚਲਾਉਣ ਵਾਲੇ ਡਾਕਟਰ, ਟਰਾਇਲ ਟੀਮ ਅਤੇ ਉਹ ਰੈਗੁਲੇਟਰੀ ਅਥਾਰਟੀਆਂ ਹੋਣਗੇ ਜੋ ਇਹ ਜਾਂਚ ਕਰਦੇ ਹਨ ਕਿ ਕੀ ਟਰਾਇਲ ਨੂੰ ਸਹੀ ਤਰ੍ਹਾਂ ਚਲਾਇਆ ਜਾ ਰਿਹਾ ਹੈ। ਇਕ ਨਿੱਜਤਾ ਨੋਟਿਸ ਟਰਾਇਲ ਵੈਬਸਾਇਟ www.principletrial.org. ਉੱਪਰ ਹੈ।

ਟਰਾਇਲ ਵਿਚ ਨਾਮ ਲਿਖਵਾਉਣ ਦੀ ਪ੍ਰਕ੍ਰਿਆ ਦੇ ਹਿੱਸੇ ਵੱਜੋ ਸਾਨੂੰ ਤੁਹਾਡੇ ਸਮਰੀ ਕੇਅਰ ਰਿਕਾਰਡਜ਼ (ਐਸ ਸੀ ਆਰ) (Summary Care Records, SCR) (https://digital.nhs.uk/services/summary-care-records-scr/summary-care-records-scr- information-for-patients) ਨੂੰ ਦੇਖਣ ਦੀ ਜ਼ਰੂਰਤ ਪੈ ਸਕਦੀ ਹੈ ਤਾਂ ਜੋ ਤੁਹਾਡੀਆਂ ਦਵਾਈਆਂ, ਅਲਰਜੀਆਂ, ਵਿਰੋਧੀ ਪ੍ਰਤੀਕ੍ਰਿਆਵਾਂ ਅਤੇ ਇਹ ਯਕੀਨੀ ਬਣਾਉਣ ਲਈ ਕਿ ਟਰਾਇਲ ਵਾਲੀ ਦਵਾਈ ਨੂੰ ਲੈਣਾ ਤੁਹਾਡੇ ਲਈ ਸੁਰੱਖਿਅਤ ਹੈ, ''ਅਤਿਰਿਕਤ ਜਾਣਕਾਰੀ'' ਨੂੰ ਚੈੱਕ ਕੀਤਾ ਜਾ ਸਕੇ। ਐਸ ਸੀ ਆਰ (SCR), ਮਰੀਜ਼ ਬਾਰੇ ਮਹੱਤਵਪੂਰਨ ਜਾਣਕਾਰੀ ਦਾ ਇਲੈਕਟ੍ਰਾਨਿਕ ਰਿਕਾਰਡ ਹੈ ਜਿਸਨੂੰ ਜੀ ਪੀ (GP) ਦੇ ਮੈਡੀਕਲ ਰਿਕਾਰਡਾਂ ਤੋਂ ਤਿਆਰ ਕੀਤਾ ਜਾਂਦਾ ਹੈ। ਐਸ ਸੀ ਆਰ (SCR) ਦੀ 'ਅਤਿਰਿਕਤ ਜਾਣਕਾਰੀ' ਵਿਚ ਤੁਹਾਡੇ ਜੀ ਪੀ (GP) ਰਿਕਾਰਡ ਵਿਚ ਤੁਹਾਡੀਆਂ ਮਹੱਤਵਪੂਰਨ ਬਿਮਾਰੀਆਂ, ਅਤੇ ਸਿਹਤ ਸਮੱਸਿਆਵਾਂ, ਅਪ੍ਰੇਸ਼ਨਾਂ ਅਤੇ ਤੁਹਾਡੇ ਦੁਆਰਾ ਭੂਤਕਾਲ ਵਿਚ ਪ੍ਰਾਪਤ ਕੀਤੇ ਗਏ ਟੀਕਾਕਰਣ, ਤੁਸੀਂ ਕਿਸ ਤਰ੍ਹਾਂ ਇਲਾਜ ਕਰਵਾਉਣਾ ਪਸੰਦ ਕਰੋਗੇ (ਜਿਵੇਂ ਕਿ ਕੀ ਤੁਸੀਂ ਦੇਖਭਾਲ ਪ੍ਰਾਪਤ ਕਰਨ ਨੂੰ ਪ੍ਰਾਥਮਿਕਤਾ ਦੇਵੋਗੇ), ਤੁਹਾਨੂੰ ਕਿਸ ਤਰ੍ਹਾਂ ਦੀਆਂ ਸਹਾਇਤਾ ਦੀ ਲੋੜ ਹੋ ਸਕਦੀ ਹੈ ਅਤੇ ਤੁਹਾਡੇ ਬਾਰੇ ਹੋਰ ਜਾਣਕਾਰੀ ਲਈ ਕਿਸ ਨਾਲ ਸੰਪਰਕ ਕੀਤਾ ਜਾਣਾ ਚਾਹੀਦਾ ਹੈ, ਬਾਰੇ ਰਿਕਾਰਡ ਕੀਤੀ ਗਈ ਜਾਣਕਾਰੀ ਸ਼ਾਮਲ ਹੁੰਦੀ ਹੈ। ਐਸ ਸੀ ਆਰਜ਼ (SCRs) ਨੂੰ ਤੁਹਾਡੀ ਪ੍ਰਤੱਖ ਦੇਖਭਾਲ ਵਿਚ ਲੱਗੀਆਂ ਸਿਹਤ ਅਤੇ ਦੇਖਭਾਲ ਪ੍ਰਣਾਲੀਆਂ ਦੇ ਹੋਰ ਖੇਤਰਾਂ ਵਿਚ

ਅਧਿਕ੍ਰਿਤ ਸਟਾਫ਼ ਦੁਆਰਾ ਦੇਖਿਆ ਅਤੇ ਵਰਤਿਆ ਜਾ ਸਕਦਾ ਹੈ।

ਤੁਹਾਡੀ ਐਸ ਸੀ ਆਰ (SCR) ਨੂੰ ਦੇਖਣ ਲਈ ਅਸੀਂ ਤੁਹਾਡੀ ਸਹਿਮਤੀ ਮੰਗਾਂਗੇ। ਐਸ ਸੀ ਆਰ (SCR) ਨੂੰ ਟਰਾਇਲ ਟੀਮ ਦੁਆਰਾ ਆਪਣੇ ਕੋਲ ਨਹੀਂ ਰੱਖਿਆ ਜਾਵੇਗਾ। ਜੇ ਤੁਹਾਡੀ ਐਸ ਸੀ ਆਰ (SCR) ਅਣਉਪਲਬੱਧ ਹੈ ਜਾਂ ਜੇ ਤੁਸੀਂ ਸਾਡੇ ਦੁਆਰਾ ਇਸ ਤੱਕ ਪਹੁੰਚ ਕਰਨ ਲਈ ਸਹਿਮਤੀ ਨਹੀਂ ਦਿੰਦੇ, ਤੁਸੀਂ ਤਾਂ ਵੀ ਟਰਾਇਲ ਵਿਚ ਭਾਗ ਲੈ ਸਕਦੇ ਹੋ ਕਿਉਂਕਿ ਅਸੀਂ ਇਹ ਜਾਣਕਾਰੀ ਤੁਹਾਡੇ ਜੀ ਪੀ (GP) ਤੋਂ ਲੈ ਲਵਾਂਗੇ।

## *ਜੇ ਅਧਿਐਨ ਦੇ ਦੌਰਾਨ ਢੁੱਕਵੀਂ ਨਵੀਂ ਜਾਣਕਾਰੀ ਉਪਲਬੱਧ ਹੋ ਜਾਂਦੀ ਹੈ ਤਾਂ ਕੀ ਹੋਏਗਾ?*

ਕੁਝ ਵਾਰ ਖੋਜ ਪ੍ਰੋਜੈਕਟ ਦੇ ਦੌਰਾਨ, ਉਹ ਇਲਾਜ ਜਿਸ ਦਾ ਅਧਿਐਨ ਕੀਤਾ ਜਾ ਰਿਹਾ ਹੈ ਉਸ ਬਾਰੇ ਨਵੀਂ ਜਾਣਕਾਰੀ ਉਪਲਬੱਧ ਹੋ ਜਾਂਦੀ ਹੈ।

**ਜੇ ਅਜਿਹਾ ਵਾਪਰਦਾ ਹੈ, ਤਾਂ ਟਰਾਇਲ ਟੀਮ ਤੁਹਾਨੂੰ ਇਸ ਬਾਰੇ ਦੱਸੇਗੀ ਅਤੇ ਤੁਹਾਡੇ ਨਾਲ ਇਸ ਬਾਰੇ ਚਰਚਾ ਕਰੇਗੀ ਕਿ ਕੀ ਤੁਸੀਂ ਟਰਾਇਲ ਵਿਚ ਸ਼ਾਮਲ ਰਹਿਣਾ ਚਾਹੁੰਦੇ ਹੋ ਜਾਂ ਨਹੀਂ।**

ਜੇ ਤੁਸੀਂ ਸ਼ਾਮਲ ਰਹਿਣਾ ਜਾਰੀ ਰੱਖਣ ਦਾ ਨਿਰਣਾ ਕਰਦੇ ਹੋ ਤਾਂ ਤੁਹਾਨੂੰ ਇਕ ਅਪਡੇਟ ਕੀਤਾ ਸਹਿਮਤੀ ਫਾਰਮ ਦਸਤਖਤ ਕਰਨ ਲਈ ਕਿਹਾ ਜਾਵੇਗਾ।

## *ਟਰਾਇਲ ਦੇ ਨਤੀਜਿਆਂ ਦਾ ਕੀ ਕੀਤਾ ਜਾਵੇਗਾ?*

ਨਤੀਜਿਆਂ ਨੂੰ ਸਾਇੰਟੀਫਿਕ ਜਰਨਲਾਂ ਵਿਚ ਪ੍ਰਕਾਸ਼ਿਤ ਕੀਤਾ ਜਾਵੇਗਾ, ਸਾਇੰਟੀਫਿਕ ਕਾਨਫਰੰਸਾਂ ਵਿਚ ਪ੍ਰਸਤੁਤ ਕੀਤਾ ਜਾਵੇਗਾ, ਅਤੇ ਆਕਸਫੋਰਡ ਯੂਨੀਵਰਸਿਟੀ (Oxford University) ਦੀ ਵੈਬਸਾਇਟ ਤੇ ਪ੍ਰਕਾਸ਼ਿਤ ਕੀਤਾ ਜਾਵੇਗਾ, ਅਤੇ ਖਬਰਾਂ ਵਾਲੇ ਮੀਡੀਆ ਵਿਚ ਨੂੰ ਸੂਚਿਤ ਕੀਤਾ ਜਾ ਸਕਦਾ ਹੈ। ਕਿਸੇ ਵੀ ਰਿਪੋਰਟ, ਪ੍ਰਕਾਸ਼ਨ ਜਾਂ ਪ੍ਰਸਤੁਤੀ ਵਿਚ ਤੁਹਾਡੀ ਪਛਾਣ ਕਰਨੀ ਸੰਭਵ ਨਹੀਂ ਹੋਏਗੀ। ਜੇ ਤੁਸੀਂ ਇਸ ਟਰਾਇਲ ਤੋਂ ਪੈਦਾ ਹੋਣ ਵਾਲੇ ਕਿਸੇ ਤਰ੍ਹਾਂ ਦੇ ਪ੍ਰਕਾਸ਼ਨਾਂ ਦੀਆਂ ਕਾਪੀਆਂ ਪ੍ਰਾਪਤ ਕਰਨੀਆਂ ਚਾਹੋਗੇ, ਤਾਂ ਕਿਰਪਾ ਕਰਕੇ ਟਰਾਇਲ ਟੀਮ ਨਾਲ ਸੰਪਰਕ ਕਰੋ (ਵੇਰਵੇ ਦਸਤਾਵੇਜ਼ ਦੇ ਅੰਤ ਤੇ ਹਨ)

## *ਇਸ ਖੋਜ ਦਾ ਸੰਯੋਜਨ ਅਤੇ ਫੰਡਿੰਗ ਕੌਣ ਕਰ ਰਿਹਾ ਹੈ?*

ਫੰਡਿੰਗ ਨੂੰ ਨੈਸ਼ਨਲ ਇੰਸਟੀਚਿਊਟ ਫਾਰਮ ਹੈਲਥ ਰਿਸਰਚ (ਐਨ ਆਈ ਐਚ ਆਰ) (National Institute for Health Research, NIHR) ਦੁਆਰਾ ਪ੍ਰਦਾਨ ਕੀਤਾ ਗਿਆ ਹੈ। ਪ੍ਰਿੰਸੀਪਲ, ਯੂਨੀਵਰਸਿਟੀ ਆਫ਼ ਆਕਸਫੋਰਡ (University of Oxford) ਵਿਖੇ ਪ੍ਰਾਇਮਰੀ ਕੇਅਰ ਕਲੀਨਿਕਲ ਟਰਾਇਲਾਂ ਦੇ ਯੂਨਿਟ (Primary Care Clinical Trials Unit) ਦੁਆਰਾ ਸਥਾਪਿਤ ਕੀਤਾ ਗਿਆ ਹੈ। ਭੌਤਿਕ ਯੋਗਦਾਨ: ਡਿਪਾਰਟਮੈਂਟ ਆਫ਼ ਹੈਲਥ ਐਂਡ ਸੋਸ਼ਲ ਕੇਅਰ (Department of Health and Social Care) ਨੇ ਮੁਫ਼ਤ ਵਿਚ ਹਾਈਡਰੋਕਸੀਕਲੋਰੋਕੁਇਨ ਪ੍ਰਦਾਨ ਕੀਤੀ ਹੈ।

## *ਟਰਾਇਲ ਦੀ ਸਮੀਖਿਆ ਕਿਸਨੇ ਕੀਤੀ ਹੈ?*

ਐਨ ਐਚ ਐਸ (NHS) ਵਿਚ ਕੀਤੀ ਜਾਣ ਵਾਲੀ ਸਾਰੀ ਖੋਜ ਦੀ ਨਿਗਰਾਨੀ ਲੋਕਾਂ ਦੇ ਆਜ਼ਦਾਨਾ ਸਮੂਹ ਜਿਸਨੂੰ ਰਿਸਰਚ ਐਥਿਕਸ ਕਮੇਟੀ (ਆਰ ਈ ਸੀ) (Research Ethics Committee, REC) ਕਹਿੰਦੇ ਹਨ, ਦੁਆਰਾ ਕੀਤੀ ਜਾਂਦੀ ਹੈ। ਆਰ ਈ ਸੀ (REC) ਤੁਹਾਡੀ ਸੁਰੱਖਿਆ, ਅਧਿਕਾਰਾਂ, ਭਲਾਈ ਅਤੇ ਮਾਣ ਦੀ ਸੁਰੱਖਿਆ ਕਰਨ ਲਈ ਮੌਜੂਦ ਹੈ। ਇਸ ਟਰਾਇਲ ਦੀ ਨੈਤਿਕ ਸਮੀਖਿਆ ਅਤੇ ਸਵੀਕ੍ਰਿਤੀ ਸਾਊਥ ਸੈਂਟਰਲ-ਬਰਕਸ਼ਾਇਰ ਰਿਸਰਚ ਐਥਿਕਸ ਕਮੇਟੀ (South Central - Berkshire Research Ethics Committee) (ਆਰ ਈ ਸੀ ਹਵਾਲਾ: 20/SC/0158) ਦੁਆਰਾ ਦਿੱਤੀ ਗਈ ਸੀ।

ਇਸ ਟਰਾਇਲ ਨੇ ਮੈਡੀਸਨਜ਼ ਅਤੇ ਹੈਲਥਕੇਅਰ ਪ੍ਰੋਡਕਟਸ ਰੈਗੂਲੇਟਰੀ ਏਜੰਸੀ (ਐਚ ਐਚ ਆਰ ਏ) (Medicines and Healthcare products Regulatory Agency, MHRA) ਤੋਂ ਵੀ ਸਵੀਕ੍ਰਿਤੀ ਪ੍ਰਾਪਤ ਕੀਤੀ ਹੈ।

**ਟਰਾਇਲ ਟੀਮ:**

ਟੈਲੀ. 0800 138 0880

**ਟਰਾਇਲ ਦਾ ਈਮੇਲ ਪਤਾ:**

principle@phc.ox.ac.uk